pstcl
PUNJAB STATE TRANSMISSION CORPORATION LIMITED
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ ਨਿਗਰਾਨ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
ਟੈਲੀਫੂਨ ਨੰ:- 0175-2970693 e-mail ID- se-admin@pstcl.org ਵੈਬਸਾਇਟ : pstcl.org

ਵੱਲ

ਸਮੂਹ ਮੁੱਖ ਇੰਜੀਨੀਅਰ/ ਮੁੱਖ ਵਿੱਤ ਅਫਸਰ/ ਮੁੱਖ ਲੇਖਾ ਅਫਸਰ/
ਉਪ ਮੁੱਖ ਇੰਜੀਨੀਅਰ/ ਨਿਗਰਾਨ ਇੰਜੀਨੀਅਰ/ ਉਪ ਮੁੱਖ ਲੇਖਾ ਅਫਸਰ
ਪੀ.ਐਸ.ਟੀ.ਸੀ.ਐਲ.

ਮੀਮੋ ਨੰ. 17006 /LWO-31 ਮਿਤੀ 23/8/22

ਵਿਸ਼ਾ: ਮੁਲਾਜਮਾਂ ਮਸਲਿਆਂ ਦਾ ਨਿਪਟਾਰਾ ਨਾ ਕਰਨ ਕਰਕੇ ਸੰਘਰਸ਼ ਦਾ ਨੋਟਿਸ - ਵਲੋਂ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ।

ਹਵਾਲਾ:- ਸ਼੍ਰੀ ਕਰਮਚੰਦ ਭਾਰਦਵਾਜ, ਸਕੱਤਰ, ਪੀ.ਐਸ.ਈ.ਬੀ. ਇੰਪਲਾਈਜ ਜੁਆਇੰਟ ਫੋਰਮ ਵਲੋਂ ਭੇਜਿਆ ਗਿਆ ਰੈਫਰੈਂਸ ਨੰ. ਜੇ.ਐਫ-133 ਮਿਤੀ 10.08.2022, ਜਿਹੜਾ ਕਿ ਇਸ ਦਫਤਰ ਵਿਖੇ ਡਾਇਰੀ ਨੰ. 7980 ਮਿਤੀ 23.08.2022 ਰਾਹੀਂ ਪ੍ਰਾਪਤ ਹੋਇਆ ਹੈ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਦਰਸਾਏ ਜੱਥੇਬੰਦੀ ਦੇ ਪੱਤਰ ਦੀ ਕਾਪੀ ਆਪ ਜੀ ਦੇ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜੱਥੇਬੰਦੀ ਵਲੋਂ ਹਵਾਲੇ ਅਧੀਨ ਦਰਸਾਏ ਪੱਤਰ ਰਾਹੀਂ ਸੰਘਰਸ਼ ਦਾ ਨੋਟਿਸ ਭੇਜਿਆ ਗਿਆ ਹੈ, ਜਿਸ ਰਾਹੀਂ ਉਨ੍ਹਾਂ ਵਲੋਂ ਲਿਖਿਆ ਗਿਆ ਹੈ ਕਿ ਟ੍ਰਾਂਸਕੋ ਵਲੋਂ ਕਰਮਚਾਰੀਆਂ ਨੂੰ 15% ਤਨਖਾਹਾਂ ਵਿੱਚ ਵਾਧਾ ਕਰਨ ਵਿੱਚ ਹੋ ਰਹੀ ਦੇਰੀ ਸਬੰਧੀ, ਨਵੀਂ ਪੁਨਰ ਉਸਾਰੀ ਦੇ ਨਾਂ ਤੇ ਮੰਜ਼ੂਰਸ਼ੁਦਾ ਅਸਾਮੀਆਂ ਖਤਮ ਕਰਨਾ, ਰੀਪੈਟਰੀਏਸ਼ਨ ਦੀ ਨੀਤੀ ਸਬੰਧੀ ਤਿੰਨ ਧਿਰੀ ਸਮਝੌਤੇ ਦੀ ਹੋ ਰਹੀ ਉਲੰਘਣਾ ਸਬੰਧੀ, ਆਦਿ ਮਸਲਿਆਂ ਦਾ ਸਮਾਧਾਨ ਨਾ ਹੋਣ ਕਾਰਨ ਜੱਥੇਬੰਦੀ ਵਲੋਂ ਮਿਤੀ 24.08.2022 ਨੂੰ ਟ੍ਰਾਂਸਕੋ ਦੇ ਮੁੱਖ ਦਫਤਰਾਂ ਸ਼ਕਤੀ ਸਦਨ ਸਾਹਮਣੇ ਕਾਲੀ ਦੇਵੀ ਮੰਦਿਰ, ਮਾਲ ਰੋਡ, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਰੋਸ ਧਰਨਾ/ ਪ੍ਰਦਰਸ਼ਨ ਕੀਤਾ ਜਾਵੇਗਾ।

ਇਸ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਰਸਾਏ ਸੰਘਰਸ਼ ਪ੍ਰੋਗਰਾਮ ਦੌਰਾਨ ਪੀ.ਐਸ.ਟੀ.ਸੀ.ਐਲ. ਦੇ ਦਫਤਰਾਂ ਦਾ ਨਿਰਵਿਘਨ ਕੰਮ-ਕਾਜ ਯਕੀਨੀ ਬਣਾਇਆ ਜਾਵੇ ਜੀ।

ਨੱਥੀ/ ਉਪਰੋਕਤ ਅਨੁਸਾਰ

23/8/2022
ਨਿਗਰਾਨ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ., ਪਟਿਆਲਾ

17007/11
23/8/22

ਸੀ.ਸੀ.

1. ਸੀਨੀ: ਪੀ.ਐਸ. ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਵਿੱਤ ਅਤੇ ਵਣਜ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
5. ਮੁੱਖ ਇੰਜੀਨੀਅਰ/ ਐਚ.ਆਈ.ਐਸ ਤੇ ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।

CamScanner

ail already forwarded on 10-08-2022. pl.

CE/HIS & D
CE/P&M
Sr. PS

Director/Admn 22

CMD

Dir/Admn.

Letter from Karamchand Bhardwaj 9463891001

From: Karamchand Bhardwaj (karamchandbhardwaj1@gmail.com)

To: cmd@pstcl.org; cmd-pspcl@pspcl.in; director-admin@pspcl.in; secy-power@nic.in; dylc.labour@punjab.gov.in; ssp.ptl.police@punjab.gov.in; bsgurmpseb@gmail.com; dc.ptl@punjab.gov.in

Date: Wednesday, August 10, 2022 at 01:56 PM GMT+5:30

7980
23/8/22

Please put up on priority.

Dy. C.E./HR & Admn.
Dy. C.E./S&D
Dy.C.E./IT
P.S.

22/8/2022

Sr. xen/Admin

C.E./HR, IT, S&D

Circle Adm. (M)

22/08/2022

CCI10022_0002.pdf
1.7MB

Dy. No. 490 /SPS/CMD
Dated: 18/08/2022

No. 635 PS to Director/Admn
Date 18/08/2022

# ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ

ਮਾਰਫਤ ਕੁਆਟਰ ਨੰ: 4-ਪੀ, 66 ਕੇ.ਵੀ. ਗਰਿਡ ਕਲੋਨੀ, ਪਟਿਆਲਾ email:
karamchandbhardwaj1@gmail.com
ਟੈਲੀਫੋਨ ਨੰ: 94638-91001, 96460-01023, 98142-98835, 98143-66037, 97775-11876, 96461-21371

ਨੰਬਰ:ਜੇ.ਐਫ.- 133 (ਈਮੇਲ ਰਾਹੀਂ) ਮਿਤੀ: 10-08-2022

ਵੱਲ

ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ,
ਪਟਿਆਲਾ।

**ਵਿਸ਼ਾ :- ਮੁਲਾਜਮ ਮਸਲਿਆਂ ਦਾ ਨਿਪਟਾਰਾ ਨਾ ਕਰਨ ਕਰਕੇ ਸੰਘਰਸ਼ ਦਾ ਨੋਟਿਸ।**

ਸ੍ਰੀਮਾਨ ਜੀ,

ਹਵਾਲਾ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦਾ ਪੱਤਰ ਨੰਬਰ ਜੇ.ਐਫ 126/127 ਮਿਤੀ 01-08-2022

ਉਪਰੋਕਤ ਪੱਤਰ ਰਾਹੀਂ ਆਪ ਜੀ ਪਾਸੋਂ ਮੰਗ ਕੀਤੀ ਗਈ ਸੀ ਕਿ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਨੂੰ 10 ਦਿਨ ਅੰਦਰ ਮੀਟਿੰਗ ਦੇ ਕੇ ਮੁਲਾਜਮ ਮਸਲਿਆਂ ਦਾ ਹੱਲ ਕੀਤਾ ਜਾਵੇ। ਇਸ ਸਬੰਧੀ ਡਾਇਰੈਕਟਰ ਟੈਕਨੀਕਲ ਟਰਾਂਸਕੋ ਜੀ ਨੂੰ ਮਿਲਕੇ ਵੀ ਮੁਲਾਜਮ ਮਸਲਿਆਂ ਦੇ ਹੱਲ ਲਈ ਬੇਨਤੀ ਕੀਤੀ ਸੀ। ਪਰੰਤੂ ਬਹੁਤ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਟਰਾਂਸਕੋ ਮੈਨੇਜਮੈਂਟ ਵੱਲੋਂ ਨਾ ਹੀ ਜੁਆਇੰਟ ਫੋਰਮ ਦੇ ਪ੍ਰਤੀਨਿਧਾਂ ਨੂੰ ਮੀਟਿੰਗ ਦਿੱਤੀ ਗਈ ਅਤੇ ਨਾ ਹੀ ਮੁਲਾਜਮ ਮਸਲਿਆਂ ਦਾ ਨਿਪਟਾਰਾ ਕੀਤਾ ਗਿਆ। ਜਿਵੇਂ ਪੰਜਾਬ ਸਰਕਾਰ ਦੇ ਪੈਟਰਨ ਤੇ ਛੇਵੇਂ ਤਨਖਾਹ ਦੀਆਂ ਸਿਫਾਰਸ਼ਾਂ ਅਨੁਸਾਰ ਪੀ.ਐਸ.ਟੀ.ਸੀ.ਐਲ. ਦੇ ਕਰਮਚਾਰੀਆਂ ਨੂੰ 15% ਤਨਖਾਹਾਂ ਵਿੱਚ ਵਾਧਾ ਦੇ ਕੇ ਤਨਖਾਹਾਂ ਫਿਕਸ ਕਰਨਾ ਅਤੇ ਮਿਤੀ 01-07-2021 ਤੋਂ ਬਕਾਇਆ ਰਾਸ਼ੀ ਜਾਰੀ ਕਰਨ, ਟਰਾਂਸਕੋ ਵਿੱਚ ਕੀਤੀ ਜਾ ਰਹੀ ਪੁਨਰ ਉਸਾਰੀ ਦੇ ਨਾਂ ਤੇ ਮਨਜ਼ੂਰ ਸ਼ੁਦਾ ਅਸਾਮੀਆਂ ਖਤਮ ਕਰਨਾ, ਰੀਪੈਟਰੀਏਸ਼ਨ ਦੀ ਨੀਤੀ ਸਬੰਧੀ ਤਿੰਨ ਧਿਰੀ ਸਮਝੌਤੇ ਦੀ ਉਲੰਘਣਾ ਬੰਦ ਕਰਨਾ, ਟਰਾਂਸਕੋ ਵਿੱਚ ਪਾਵਰਕਾਮ ਦੇ ਡੈਪੂਟੇਸ਼ਨ ਤੇ ਕੰਮ ਕਰ ਰਹੇ ਮੁਲਾਜਮਾਂ ਨੂੰ ਆਉਦੀਆਂ ਦਿਕਤਾਂ ਦੂਰ ਕਰਨਾ ਅਤੇ ਯੋਗ ਕਰਮਚਾਰੀਆਂ ਨੂੰ ਬੋਨਸ ਦੀ ਅਦਾਇਗੀ ਕਰਨਾ ਆਦਿ ਮੁਲਾਜਮ ਮਸਲਿਆਂ ਅਤੇ ਮੰਗਾਂ ਦਾ ਨਿਪਟਾਰਾ ਨਾ ਹੋਣ ਕਾਰਨ ਟਰਾਂਸਕੋ ਕਾਮਿਆਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਹੈ। ਇਸ ਲਈ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਵੱਲੋਂ ਮੀਟਿੰਗ ਕਰਕੇ ਫੈਸਲਾ ਕੀਤਾ ਗਿਆ ਹੈ ਕਿ ਮਿਤੀ 24-08-2022 ਨੂੰ ਟਰਾਂਸਕੋ ਦੇ ਮੁੱਖ ਦਫਤਰਾਂ ਸ਼ਕਤੀ ਸਦਨ ਸਾਹਮਣੇ ਕਾਲੀ ਦੇਵੀ ਮੰਦਿਰ ਮਾਲ ਰੋਡ ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਰੋਸ ਧਰਨਾ /

CamScanner

ਪ੍ਰਦਰਸ਼ਨ ਕੀਤਾ ਜਾਵੇਗਾ ਤਾਂ ਜੋ ਮੁਲਾਜਮ ਮਸਲਿਆਂ ਦਾ ਯੋਗ ਹੱਲ ਕਰਵਾਇਆ ਜਾ ਸਕੇ। ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਜੁਆਇੰਟ ਫੋਰਮ ਦੇ ਨੁਮਾਇੰਦਿਆ ਨੂੰ ਜਲਦੀ ਮੀਟਿੰਗ ਦੇ ਕੇ ਮੁਲਾਜਮ ਮੰਗਾਂ/ ਮਸਲਿਆਂ ਦਾ ਨਿਪਟਾਰਾ ਕੀਤਾ ਜਾਵੇ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਬਿਜਲੀ ਕਾਮਿਆਂ ਨੂੰ ਸੰਘਰਸ਼ ਹੋਰ ਤੇਜ ਕਰਨ ਲਈ ਮਜਬੂਰ ਹੋਣਾ ਪਵੇਗਾ। ਜਿਸ ਦੀ ਜਿੰਮੇਵਾਰੀ ਟਰਾਂਸਕੋ ਮੈਨੇਜਮੈਂਟ ਦੀ ਹੋਵੇਗੀ।

ਇਨਸਾਫ ਦੀ ਉਡੀਕ ਵਿੱਚ।

ਨੱਥੀ : ਮੰਗ ਪੱਤਰ ਦੀ ਕਾਪੀ।

ਕਰਮ ਚੰਦ ਭਾਰਦਵਾਜ

ਕਰਮਚੰਦ ਭਾਰਦਵਾਜ,
ਸਕੱਤਰ

ਪਿੱਠ ਅੰਕਣ ਨੰ: ਜੇ.ਐਫ. 134/140 ਮਿਤੀ 10-08-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਪਾਵਰ ਕਾਮ ਪਟਿਆਲਾ।
2. ਸਕੱਤਰ ਪਾਵਰ ਪੰਜਾਬ ਸਰਕਾਰ, ਚੰਡੀਗੜ੍ਹ।
3. ਲੇਬਰ ਕਮਿਸ਼ਨਰ, ਪੰਜਾਬ, ਚੰਡੀਗੜ੍ਹ।
4. ਸਮੂੰਹ ਡਾਇਰੈਕਟਰਜ਼ ਟਰਾਂਸਕੋ / ਪਾਵਰਕਾਮ ਪਟਿਆਲਾ।
5. ਡਿਪਟੀ ਕਮਿਸ਼ਨਰ / ਐਸ.ਐਸ.ਪੀ. ਪਟਿਆਲਾ।
6. ਡਿਪਟੀ ਸਕੱਤਰ ਲੇਬਰ ਅਤੇ ਵੈਲਫੇਅਰ ਪਾਵਰਕਾਮ ਪਟਿਆਲਾ।

ਕਰਮ ਚੰਦ ਭਾਰਦਵਾਜ

ਕਰਮਚੰਦ ਭਾਰਦਵਾਜ,
ਸਕੱਤਰ।

CamScanner